ਵੱਲ,

ਸਮੂਹ ਕੇਂਦਰ ਸੁਪਰੈਂਡ / ਨਿਗਰਾਨ ਅਮਲਾ
ਅਤੇ ਉਡਣ ਦਸਤੇ ਦੇ ਮੈਂਬਰ ਸਾਹਿਬਾਨ ।

ਨੰ: 916 ਅ.ਓ.ਸ. (ਪ੍ਰੀ-12) ਮਿਤੀ 28-2-2023

ਵਿਸ਼ਾ :- ਯੂ.ਐਮ.ਸੀ. ਸਬੰਧੀ ਹਦਾਇਤਾ ।

ਬੇਨਤੀ ਹੈ ਕਿ ਪਰੀਖਿਆ ਦੌਰਾਣ ਪਕੜੇ ਜਾਂਦੇ ਯੂ.ਐਮ.ਸੀ. ਕੇਸਾਂ ਸਬੰਧੀ ਹੇਠ ਲਿਖੀਆ ਹਦਾਇਤਾਂ ਤੇ ਅਮਲ ਯਕੀਨੀ ਬਣਾਉਣ ਦੀ ਖੇਚਲ ਕੀਤੀ ਜਾਵੇ:-

1. ਕੇਂਦਰ ਸੁਪਰਡੰਟ ਵੱਲੋਂ ਅਣ-ਉਚਿਤ ਸਾਧਨਾ ਦੇ ਪਕੜੇ ਗਏ ਸਾਰੇ ਕੇਸ ਹਰ ਰੋਜ਼ ਦੀ ਪਰੀਖਿਆ ਵਾਲੇ ਦਿਨ ਹੀ ਪਰੀਖਿਆ ਖਤਮ ਹੋਣ ਤੋਂ ਫੌਰਨ ਬਾਅਦ ਬੋਰਡ ਦੀ ਸਾਈਟ ਤੇ ਉਪਲੱਬਧ ਸਲਿੱਪ ਨੰ: **ਅ.ਓ.ਸ. -7** ਨੂੰ ਕਿਸੇ ਵੀ ਲਿਫਾਫੇ ਦੇ ਬਾਹਰ ਚਿਪਕਾ ਕੇ ਲਿਫਾਫੇ ਸੀਲ ਕਰਨ ਉਪਰੰਤ ਕੁਲੈਕਸ਼ਨ ਸੈਂਟਰ /ਬੋਰਡ ਦੇ ਡੀਪੂ ਵਿਖੇ ਹਸਤਾਖਰ ਪ੍ਰਾਪਤ ਕਰਕੇ ਜਮ੍ਹਾਂ ਕਰਵਾਏ ਜਾਣ।
2. ਕੇਂਦਰ ਸੁਪਰਡੰਟ ਦੀ ਇਹ ਜਿਮੇਵਾਰੀ ਹੈ ਕਿ ਉਹ ਯੂ.ਐਮ.ਸੀ. ਕੇਸ ਬਨਾਉਣ ਵਾਲੇ ਅਧਿਕਾਰੀ ਤੋਂ ਨਿਰਧਾਰਤ ਰਿਪੋਰਟ ਫਾਰਮ **ਅ.ਉ.ਸ.-2** ਦੇ ਮੁੱਖ ਪੰਨੇ ਦੇ ਸਾਰੇ ਕਾਲਮ ਪੂਰੀ ਤਰ੍ਹਾਂ ਭਰਵਾਉਣ ਉਪਰੰਤ ਬਕਾਇਦਾ ਹਸਤਾਖਰ ਕਰਵਾ ਕੇ ਆਪਣੀ ਰਿਪੋਰਟ ਸਹਿਤ ਕੇਸ ਭੇਜਣ।
3. ਰਿਪੋਰਟ ਫਾਰਮ ਦਾ ਕੋਈ ਵੀ ਕਾਲਮ ਖਾਲੀ ਨਾ ਛੱਡਿਆ ਜਾਵੇ। ਰਿਪੋਰਟ ਫਾਰਮ ਅਧੂਰਾ ਹੋਣ ਨਾਲ ਕੇਸਾਂ ਦੇ ਨਿਪਟਾਰੇ ਵਿੱਚ ਬੇਲੋੜੀ ਦੇਰੀ ਲਈ ਕੇਂਦਰ ਸੁਪਰਡੈਂਟ/ ਕੇਸ ਪਕੜਣ ਵਾਲੇ ਅਧਿਕਾਰੀ ਦੀ ਜ਼ਿਮੇਵਾਰੀ ਹੋਵੇਗੀ।
4. ਕੇਸ ਪਕੜਣ ਵੇਲੇ ਪਰੀਖਿਆਰਥੀ ਨੂੰ ਜਾਰੀ ਕੀਤੀ ਪਹਿਲੀ ਉੱਤਰ-ਪੱਤਰੀ ਅਤੇ ਬਾਅਦ ਵਿੱਚ ਦਿੱਤੀ ਦੂਜੀ ਉੱਤਰ-ਪੱਤਰੀ ਭਾਵ ਦੋਵੇਂ ਇਕੱਠੀਆਂ ਰਿਪੋਰਟ ਫਾਰਮ ਨਾਲ ਭੇਜੀਆ ਜਾਣ। ਪਰੀਖਿਆਰਥੀ ਦਾ ਪੱਤਰ ਵਿਹਾਰ ਲਈ ਪੂਰਾ ਪਤਾ ਅਤੇ ਮੋਬਾਇਲ ਨੰਬਰ /ਫੋਨ ਨੰਬਰ ਵੀ ਰਿਪੋਰਟ ਫਾਰਮ ਵਿੱਚ ਦਰਜ ਕੀਤਾ ਜਾਵੇ।
5. ਯੂ.ਐਮ.ਸੀ. ਕੇਸ ਪਕੜਨ ਵਾਲੇ ਅਧਿਕਾਰੀ ਤੋਂ ਪਰੀਖਿਆਰਥੀ ਦੀ ਉੱਤਰ-ਪੱਤਰੀ ਦੇ ਮੁੱਖ ਪੰਨੇ ਤੇ ਹਰ ਹਾਲਤ ਵਿੱਚ ਰਿਪੋਰਟ ਅੰਕਿਤ ਕਰਵਾਈ ਜਾਵੇ ਜਿਸ ਵਿੱਚ ਪਕੜੀ ਗਈ ਇਤਰਾਜ਼ਯੋਗ ਸਮੱਗਰੀ ਦਾ ਵੇਰਵਾ ਦਰਜ ਹੋਵੇ ਤੇ ਸਪਸ਼ਟ ਦੱਸਿਆ ਜਾਵੇ ਕਿ ਪਕੜੀ ਗਈ ਸਮੱਗਰੀ ਉਸ ਦਿਨ ਦੀ ਪਰੀਖਿਆ ਦੇ ਵਿਸ਼ੇ ਨਾਲ ਸਬੰਧਤ ਸੀ ਜਾ ਨਹੀ ? ਪਕੜੀ ਗਈ ਇਤਰਾਜ਼ਯੋਗ ਸਮੱਗਰੀ ਤੇ ਵੀ ਸਬੰਧਤ ਨਿਗਰਾਨ ਅਮਲਾ ਅਤੇ ਕੇਂਦਰ ਸੁਪਰਡੈਂਟ ਦੇ ਹਸਤਾਖਰ ਕਰਵਾਏ ਜਾਣ। ਜੇਕਰ ਪਕੜੀ ਗਈ ਸਮੱਗਰੀ ਵਿਸ਼ੇ ਨਾਲ ਸਬੰਧਤ ਨਹੀ ਤਾਂ ਨਕਲ ਕੇਸ ਨਾ ਬਣਾਇਆ ਜਾਵੇ।
6. ਰਿਪੋਰਟ ਫਾਰਮ ਵਿੱਚ ਪਰੀਖਿਆਰਥੀ ਤੋਂ ਪਕੜੀ ਗਈ ਇਤਰਾਜ਼ਯੋਗ ਸਮੱਗਰੀ ਦੀ ਠੀਕ ਥਾਂ ਅਤੇ ਪੱਤਰਿਆ ਦੀ ਗਿਣਤੀ ਆਦਿਕ ਬਾਰੇ ਕੇਸ ਪਕੜਣ ਵਾਲੇ ਨਿਗਰਾਨ ਸਟਾਫ/ਕੇਂਦਰ ਸੁਪਰਡੈਂਟ ਜਾਂ ਫਲਾਇੰਗ ਸਕੂਐਡ ਵੱਲੋਂ ਪੂਰੀ ਤਰਾਂ ਜਿਕਰ ਕੀਤਾ ਜਾਵੇ।
7. ਜਿਸ ਕੇਸ ਵਿੱਚ ਇਤਰਾਜ਼ਯੋਗ ਸਮੱਗਰੀ ਪਕੜੇ ਜਾਣ ਦੀ ਥਾਂ ਪਰੀਖਿਆਰਥੀ ਦੀ ਸੀਟ ਦੇ ਯੂ.ਐਮ.ਸੀ. ਕੇਸ ਬਨਣ ਤੇ ਸਬੰਧਤ ਪ੍ਰੀਖਿਆਰਥੀ ਦਾ ਬਿਆਨ ਵੀ ਰਿਪੋਰਟ ਫਾਰਮ ਅ.ਓ.ਸ.-2 ਤੇ ਜਰੂਰ ਲਿਆ ਅਤੇ ਜਿੱਥੇ ਉਹ ਬਿਆਨ ਦੇਣ / ਹਸਤਾਖਰ ਕਰਨ ਤੋਂ ਇਨਕਾਰ ਕਰਦਾ ਹੈ, ਉੱਥੇ ਕੇਂਦਰ ਸੁਪਰਡੈਂਟ / ਉੱਪ-ਸੁਪਰਡੈਂਟ / ਨਿਗਰਾਨ ਜਾਂ ਕੇਸ ਪਕੜਣ ਵਾਲਾ ਅਧਿਕਾਰੀ (ਜੋ ਵੀ ਹੋਵੇ) ਪਰੀਖਿਆਰਥੀ ਦੀ ਇੰਨਕਾਰੀ ਬਾਰੇ ਆਪਣਾ ਕਥਨ ਰਿਕਾਰਡ ਕਰਨ।
8. ਇਪਰਸੋਨੇਸ਼ਨ ਦੇ ਕੇਸ ਵਿੱਚ ਇੰਪਰਸੋਨੇਟਰ ਦੀ ਫੋਟੋ, ਉਸ ਦੇ ਪੂਰੇ ਪਤੇ ਸਮੇਤ ਕੇਸ ਭਿਜਵਾਇਆ ਜਾਵੇ ਅਤੇ ਉਸ ਦਾ ਬਿਆਨ ਜਰੂਰ ਰਿਕਾਰਡ ਕੀਤਾ ਜਾਵੇ। ਜਿਸ ਦੀ ਪੁਸ਼ਟੀ ਕੇਂਦਰ ਸੁਪਰਡੈਂਟ ਅਤੇ ਨਿਗਰਾਨ ਵੱਲੋਂ ਕਰਕੇ ਕੇਸ ਨਾਲ ਭੇਜੀ ਜਾਵੇ। ਇੰਪਰਸੋਨੇਸ਼ਨ ਦੇ ਕੇਸ ਜਾਂ ਜੇਕਰ ਕਿਸੇ ਵਿਦਿਆਰਥੀ ਦੀ ਥਾਂ ਤੇ ਕੋਈ ਹੋਰ ਵਿਦਿਆਰਥੀ ਪਰੀਖਿਆ ਦੇ ਰਿਹਾ ਹੈ ਤਾਂ ਨੇੜੇ ਦੇ ਪੁਲਿਸ ਸਟੇਸ਼ਨ ਵਿਖੇ ਰਿਪੋਰਟ ਵੀਂ ਦਰਜ਼ ਕਰਵਾਈ ਜਾਵੇ ਅਤੇ ਐਫ.ਆਈ.ਆਰ. ਦੀ ਕਾਪੀ ਮੁੱਖ ਦਫ਼ਤਰ ਭੇਜੀ ਜਾਵੇ।
9. ਲੜਕੀ ਪਰੀਖਿਆਰਥੀ ਹੋਣ ਦੀ ਸੂਰਤ ਵਿੱਚ ਇਤਰਾਜ਼ਯੋਗ ਸਮੱਗਰੀ ਆਦਿ ਦੀ ਤਲਾਸ਼ੀ ਲੈਣ ਦਾ ਕੰਮ ਇਸਤਰੀ ਕਰਮਚਾਰੀ ਸਮੇਂ ਤੋਂ ਹੀ ਕਰਵਾਇਆ ਜਾਵੇ। ਕੇਸ ਬਣਣ ਦੀ ਸੂਰਤ ਵਿੱਚ ਉਸ ਵੱਲੋਂ ਹੀ ਰਿਪੋਰਟ ਫਾਰਮ ਤੇ ਹਸਤਾਖਰ ਪੂਰੇ ਪਤੇ ਮੋਬਾਇਲ ਨੰਬਰ ਸਹਿਤ ਕੀਤੇ ਜਾਣਗੇ ਅਤੇ ਫਲਾਇੰਗ ਸਕੂਐਡ ਵੱਲੋਂ ਪੁਸ਼ਟੀ ਤੇ ਪ੍ਰਤੀ ਹਸ਼ਤਾਖਰ ਕੀਤੇ ਜਾਣਗੇ।

10. ਕੇਸ ਪਕੜਣ ਵਾਲੇ ਅਧਿਕਾਰੀ / ਸਬੰਧਤ ਕੇਂਦਰ ਸੁਪਰਡੈਂਟ ਅਤੇ ਨਿਗਰਾਨ ਦਾ ਸਕੂਲ /ਦਫਤਰ /ਘਰ ਆਦਿ ਦੇ ਪਤੇ ਤੇ ਮੋਬਾਇਲ ਨੰਬਰ ਦਫਤਰ ਨੂੰ ਭੇਜਿਆ ਜਾਵੇ ਤਾਂ ਜੋ ਲੋੜ ਪੈਣ ਤੇ ਉਨ੍ਹਾਂ ਨਾਲ ਸੰਪਰਕ ਕੀਤਾ ਜਾ ਸਕੇ।

11. ਬਾਰ੍ਹਵੀ ਜਮਾਤ ਦੇ ਸਾਇੰਸ, ਕਮਰਸ ਅਤੇ ਹਿਊਮੈਨਟੀਜ਼ ਗਰੁੱਪ ਅਤੇ ਹੋਰ ਸ਼੍ਰੇਣੀਆਂ ਦੇ ਯੂ.ਐਮ.ਸੀ. ਕੇਸ ਵੱਖ-ਵੱਖ ਲਿਫਾਫਿਆਂ ਵਿੱਚ ਭੇਜੇ ਜਾਣ।

12 ਪ੍ਰੀਖਿਆ ਦੌਰਾਨ ਜੇਕਰ ਕੋਈ ਵੀ ਇਤਰਾਜਯੋਗ ਸਮੱਗਰੀ ਪਕੜੀ ਜਾਂਦੀ ਹੈ ਤਾਂ ਪ੍ਰੀਖਿਆਰਥੀ ਵਿਰੁੱਧ ਯੂ.ਐਮ.ਸੀ. ਕੇਸ ਬਣਾਇਆ ਜਾਵੇਗਾ ਅਤੇ ਸੈਂਟਰ ਵਿੱਚ ਮੌਜੂਦ ਨਿਗਰਾਨ ਅਮਲੇ ਵਿਰੁਧ ਵਿਭਾਗੀ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ।

13. ਪ੍ਰੀਖਿਆਵਾਂ ਦੌਰਾਨ ਜੇਕਰ ਪ੍ਰੀਖਿਆ ਕੇਂਦਰ ਵਿੱਚ ਪੰਜ ਤੋਂ ਵੱਧ ਕੇਸ ਬਣਦੇ ਹਨ ਤਾਂ ਕੇਂਦਰ ਦੇ ਸੁਪਰੀਵਾਈਜਰੀ ਅਮਲੇ ਵਿਰੁੱਧ ਨਿਯਮਾ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਜੇਕਰ ਸਕੂਲ ਐਫੀਲਿਏਟਿਡ ਹੈ ਤਾਂ ਸਕੂਲ ਦੀ ਐਫੀਲੀਏਸ਼ਨ ਰੱਦ ਕਰਨ ਸਬੰਧੀ ਕਾਰਵਾਈ ਕੀਤੀ ਜਾਵੇਗੀ।

**(ਅ) ਫਲਾਇੰਗ ਸਕੂਐਡਜ ਲਈ:-**

1. ਪਰੀਖਿਆ ਕੇਂਦਰ ਵਿਖੇ ਅਣ-ਉਚਿਤ ਸਾਧਨਾ ਦੇ ਪਕੜੇ ਗਏ ਕੇਸਾਂ ਸਬੰਧੀ ਕੇਂਦਰ ਸੁਪਰਡੈਂਟ ਨੂੰ ਬੋਰਡ ਵੱਲੋਂ ਜਾਰੀ ਕੀਤਾ ਕੇਸ ਭੇਜਣ ਵਾਲਾ ਨਿਰਧਾਰਤ ਪ੍ਰਫਾਰਮਾ ਨੰ: 2 ਅ.ਉ.ਸ. ਦੇ ਮੁੱਖ ਪੰਨੇ ਦੇ ਸਾਰੇ ਕਾਲਮ ਫਲਾਇੰਗ ਸਕੂਐਡ ਵੱਲੋਂ ਗਹੁ ਨਾਲ ਮੁਕੰਮਲ ਕਰਕੇ ਕੇਂਦਰ ਸੁਪਰਡੈਟ ਨੂੰ ਸੌਪ ਦਿੱਤੇ ਜਾਣ।

2. ਪਕੜੀ ਗਈ ਇਤਰਾਜ਼ਯੋਗ ਸਮੱਗਰੀ ਸਬੰਧੀ ਪਰੀਖਿਆਰਥੀ ਦੀ ਉੱਤਰ-ਪੱਤਰੀ ਦੇ ਮੁੱਖ ਪੰਨੇ ਤੇ ਹਰ ਹਾਲਤ ਵਿੱਚ ਸਪਸ਼ਟ ਰਿਪੋਰਟ ਕਰਦਿਆਂ ਇਤਰਾਜ਼ਯੋਗ ਸਮੱਗਰੀ ਦਾ ਪੂਰਾ ਵੇਰਵਾ ਦਿੱਤਾ ਜਾਵੇ। ਇਹ ਵੀ ਅੰਕਿਤ ਕੀਤਾ ਜਾਵੇ ਕਿ ਇਹ ਸਮੱਗਰੀ ਉਸ ਦਿਨ ਪਰੀਖਿਆ ਦੇ ਵਿਸ਼ੇ ਨਾਲ ਸਬੰਧਤ ਹੈ ਜਾਂ ਨਹੀ ? ਇਸ ਰਿਪੋਰਟ ਤੇ ਆਪਣੇ ਪੂਰੇ ਹਸਤਾਖਰ ਪਤੇ ਸਹਿਤ ਕੀਤੇ ਜਾਣ। ਪਕੜੀ ਗਈ ਇਤਰਾਜ਼ਯੋਗ ਸਮੱਗਰੀ ਤੇ ਵੀ ਪੂਰੇ ਹਸਤਾਖਰ ਕੀਤੇ ਜਾਣ ਅਤੇ ਕਿਉ ਜੋ **ਕੇਂਦਰ ਸੁਪਰਡੈਂਟ ਅਤੇ ਫਲਾਇੰਗ ਸਕੂਐਡ ਕੋਲ ਫੋਨ ਦੀ ਸੁਵਿਧਾ ਉਪਲਬਧ ਹੈ ਯੂ.ਐਮ.ਸੀ. ਕੇਸ ਦੀ ਸੁਰਤ ਵਿੱਚ ਸਮੱਗਰੀ ਅਤੇ ਵਿਦਿਆਰਥੀ ਦੇ ਬਿਆਨ ਦੀ ਵੀਡਿਓ ਬਣਾ ਲਈ ਜਾਵੇ। ਵਿਦਿਆਰਥੀ ਦਾ ਬਿਆਨ ਕਰਵਾਇਆ ਜਾਵੇ:-**

   **ੳ) ਕੀ ਇਹ ਸਮੱਗਰੀ ਤੁਹਾਡੀ ਹੈ? ਜਵਾਬ ਰਿਕਾਰਡ ਕੀਤਾ ਜਾਵੇ।**

   **ਅ) ਕੇਂਦਰ ਸੁਪਰਡੰਟ ਅਤੇ ਨਿਗਰਾਨ ਅਮਲੇ ਨੂੰ ਪੁੱਛਿਆ ਜਾਵੇ ਕਿ ਇਹ ਸਮੱਗਰੀ ਪੇਪਰ ਨਾਲ ਸਬੰਧਤ ਹੈ ? ਜਵਾਬ ਰਿਕਾਰਡ ਕੀਤਾ ਜਵੇ।**

   **ੲ) ਵੀਡਿਓ ਵਿੱਚ ਇਹ ਜਿਕਰ ਕੀਤਾ ਜਾਵੇ ਕਿ ਹੁਣ ਇਤਰਾਜ਼ਯੋਗ ਸਮੱਗਰੀ ਅਤੇ ਉੱਤਰ ਪੱਤਰੀ ਦੀ ਵੀਡਿਓ ਬਣ ਰਹੀ ਹੈ।**

   **ਸ) ਪ੍ਰੀਖਿਆ ਖਤਮ ਹੋਣ ਉਪਰੰਤ ਇਸ ਵੀਡਿਓ ਨੂੰ deoportal2019@gmail.com ਤੇ ਈ-ਮੇਲ ਕੀਤੀ ਜਾਵੇ।**

3. ਯੂ.ਐਮ.ਸੀ. ਕਮੇਟੀ ਵੱਲੋਂ ਇਨਾਂ ਕੇਸਾਂ ਦੇ ਸ਼ੀਘਰ ਨਿਪਟਾਰੇ ਲਈ ਰਿਪੋਰਟ ਫਾਰਮ ਵਿੱਚ ਪਕੜੀ ਗਈ ਸਮੱਗਰੀ ਦੀ ਠੀਕ ਥਾਂ ਜਰੂਰ ਦਰਸਾਈ ਜਾਵੇ ।

4. ਲਾਜ਼ਮੀ ਹੋਵੇਗਾ ਜੇਕਰ ਫਲਾਇੰਗ ਸਕੂਐਡਸ ਵੱਲੋਂ ਪਕੜੇ ਗਏ ਕੇਸ ਸਬੰਧੀ ਇਤਰਾਜ਼ਯੋਗ ਸਮੱਗਰੀ ਦੀ ਕੇਂਦਰ ਸੁਪਰਡੈਂਟ ਨੂੰ ਕੀਤੀ ਸੌਂਪਣੀ ਸਬੰਧੀ ਰਸੀਦ ਪ੍ਰਾਪਤ ਕਰ ਲਈ ਜਾਵੇ ਤਾਂ ਜੋ ਭਿੰਨਤਾ ਹੋਣ ਦੀ ਸੂਰਤ ਵਿੱਚ ਕੇਸ ਦੇ ਨਿਪਟਾਰੇ ਸਮੇਂ ਇਹ ਸਬੂਤ ਸਹਾਈ ਹੋ ਸਕੇ।

28/02/23

ਉੱਪ-ਸਕੱਤਰ(ਪ੍ਰੀ-ਬਾਰ੍ਹਵੀਂ/ਕੰਡਕਟ)
ਪੰਜਾਬ ਸਕੂਲ ਸਿੱਖਿਆ ਬੋਰਡ
ਐਸ਼.ਏ.ਐਸ.ਨਗਰ

O/C